## ਦਿੱਤਾ ਇੰਦ੍ਰ ਨਿਕਾਲ ਕੈ
## ਤਿਨ ਗਿਰਿ ਕੈਲਾਸੁ ਤਕਾਇਆ ॥

ਇੰਦਰ ਦੇਵਤਾ ਨੂੰ ਸੁਰਗ ਵਿਚੋਂ ਕਢ ਦਿਤਾ ਤੇ (ਕੈਲਾਸ਼ ਪਰਬਤ ਵਿਚ) ਜਾ ਕੇ ਦਿਨ ਗੁਜ਼ਾਰਨ ਲੱਗਾ।

## ਡਰਿਕੈ ਹਥੋ ਦਾਨਵੀ
## ਦਿਲ ਅੰਦਰਿ ਤ੍ਰਾਸੁ ਵਧਾਇਆ ॥

ਰਾਖਸ਼ਾਂ ਕੋਲੋਂ ਇੰਦਰ ਬਹੁਤ ਡਰ ਗਿਆ ਤੇ ਉਸ ਦੇ ਮਨ ਅੰਦਰ ਦੈਂਤਾਂ ਦਾ ਭੈ ਵਧ ਗਿਆ।

## ਪਾਸ ਦੁਰਗਾ ਦੇ ਇੰਦ੍ਰ ਆਇਆ ॥੩॥

ਮਹਿਖਾਸੁਰ ਕੋਲੋਂ ਸੁਰਗ ਦਾ ਰਾਜ ਖੁਹਾ ਕੇ, ਦੁਰਗਾ ਦੇ ਕੋਲ (ਇੰਦਰ ਫਰਿਆਦ ਕਰਨ ਲਈ) ਆਇਆ ਹੈ ॥੩॥

ਸਭੇ ਪਚ ਮੂਏ ਪਾਰ ਪਾਵਤ ਨ ਕੋਈ
ਤੁਹੀ ਸੂਰ ਬਲਵੰਤਨੀ ਗੁਨ ਗਹੀਰੇ
ਤੁਮਨ ਦ੍ਵਾਰ ਘੋਰੰ ਹੈ ਅਨਹਦ ਨਫੀਰੇ
ਨਿਰੰਜਨ ਸਰੂਪਾ ਤੁਹੀ ਆਦਿ ਰਾਣੀ
ਤੁਹੀ ਜੋਗ ਬਿੱਦਯਾ ਤੁਹੀ ਬ੍ਰਹਮ ਬਾਨੀ
ਨਿਰੰਜਨ ਪ੍ਰਭੂ ਨਾਥ ਕਾਦਰ ਰੂਪ ਧਾਰੇ
ਤਹਾਂ ਤੂੰ ਖੜੀ ਕੁਦਰਤੀ ਰੂਪ ਧਾਰੇ
ਤੁਹੀ ਅੰਬਕੇ ਸ਼ਕਤਿ ਕੁਦਰਤ ਭਵਾਨੀ
ਤੁਮਨ ਕੁਦਰਤੀ ਜੋਤਿ ਘਟਿ ਘਟਿ ਸਮਾਨੀ
ਧਰਨ ਪਰਨ ਆਕਾਸ਼ ਕੁਦਰਤਿ ਸਰੂਪੰ
ਤੁਹੀ ਕੁਦਰਤੀ ਅਲਖ ਦੇਵੀ ਅਨੂਪੰ
ਨਹੀ ਭਾਖ ਸਾਕਉ ਮੈ ਮਹਿਮਾ ਤੁਹਾਰੀ
ਲਖਯਾ ਨਾਹਿ ਕਿਨਹੂੰ ਤੁਮਨ ਅੰਤ ਪਾਰੀ
ਯਹੀ ਦਾਸ ਤੁਮਰਾ ਚਰਨ ਧੂਰਿ ਪਾਵੈ
ਤੁਮਨ ਦ੍ਵਾਰ ਠਾਢਾ ਸਦਾ ਧੁਨਿ ਲਗਾਵੈ

ਭਗਵਤੀ ਦੋਹਰਾ ॥

ਮੁਖ ਪਸਾਰੇ ਕਾਲਕਾ ਦੈਂਤ ਚਬਾਵੈ ਦਾਤ ॥

ਸਭਨ ਕਉ ਸ਼ਬਦ ਵਾਹਿ ਵਾਹੇ ਦ੍ਰਿੜਾਊਂ
ਕਰੌਂ ਖਾਲਸਾ ਪੰਥ ਤੀਸਰ ਪ੍ਰਵੇਸ਼ਾ
ਜਗਹਿ ਸਿੰਘ ਜੋਧੇ ਧਰਹਿ ਨੀਲ ਭੇਸਾ
ਸਕਲ ਰਾਛਸਨ ਕਉ ਪਕੜ ਕੇ ਖਪਾਵੈਂ
ਸਭੀ ਜਗਤ ਸਿਉਂ ਧੁਨਿ ਫਤਹਿਕੀ ਬੁਲਾਵੈਂ
ਤੁਹੀ ਸਾਰਦਾ ਬੇਦ ਗਾਯਨ ਸੁਰਸਤੀ
ਤੁਹੀ ਦੇਵ ਦੁਰਗੇ ਨਿਰੰਜਨ ਪਰਸਤੀ
ਯਹੀ ਬੇਨਤੀ ਖਾਸ ਹਮਾਰੀ ਸੁਣੀਜੈ
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ
ਤੁਹੀ ਸਿੱਧ ਨੌਨਿਧ ਕਉ ਭਰਣ ਹਾਰੀ
ਤੁਹੀ ਅਨਦਾਯਨ ਸਗਲ ਜਗ ਭਿਖਾਰੀ
ਤੁਹੀ ਰਿਖੀ ਬਸਿਸਟ ਤੁਹੀ ਹੈ ਦ੍ਰਬਾਸ਼ਾ
ਤੁਹੀ ਜਮਦਗਨਿ ਸੰਤ ਗੋਤਮ ਪ੍ਰਕਾਸ਼ਾ
ਤੁਹੀ ਕਾਲ ਕੋ ਅਸੁਰ ਸੰਘਾਰ ਕਰਨੀ
ਤੁਹੀ ਸੇਵਕਨ ਪਰ ਸਦਾ ਮਿਹਰ ਧਰਨੀ
ਕਹਾਂ ਲੌ ਬਖਾਨੋ ਤੁਮਨ ਗਤਿ ਅਪਾਰੇ
ਤੁਹੀ ਜ੍ਵਾਲਪਾ ਅਲਖ ਰੂਪਣ ਮੁਰਾਰੇ

ੴ ਸਤਿਗੁਰ ਪ੍ਰਸਾਦਿ ॥

# ਪ੍ਰਸਿਧ ਵਿਦਵਾਨ ਪੰਡਤ ਨਰੈਣ ਸਿੰਘ ਜੀ ਗਿਆਨੀ

ਵਿਧਿਆ ਮਾਰਤੰਡ (ਮੁਜੰਗ ਨਿਵਾਸੀ) ਲਾਹੌਰ ਵਾਲਿਆਂ ਦੀ ਲਿਖਤ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੁਖ ਰਚਨਾ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ (ਸਟੀਕ)

ਛਪ ਕੇ ਤਿਆਰ ਹੋ ਗਿਆ ਹੈ। ਜਿਸ ਦੀ ਵਿਦਵਾਨਾਂ, ਕਥਾ ਵਾਚਕਾਂ ਗਿਆਨੀਆਂ, ਗ੍ਰੰਥੀਆਂ ਨੂੰ ਬੜੇ ਚਿਰਾਂ ਤੋਂ ਉਡੀਕ ਸੀ।

ਵਿਸਥਾਰ ਪੂਰਵਕ ਪੋਥੀਆਂ ਇਸ ਤਰ੍ਹਾਂ ਹਨ :-

## ਸ੍ਰੀ ਦਸਮ ਗ੍ਰੰਥ ਸਾਹਿਬ ਜੀ ਟੀਕਾ ਸੈਂਚੀ ਪਹਿਲੀ

ਜਿਸ ਵਿਚ ਜਾਪੁ ਸਾਹਿਬ, ਅਕਾਲ ਉਸਤਤ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਪਹਿਲਾ, ਦੂਜਾ, ਚੰਡੀ ਦੀ ਵਾਰ ਤੇ ਗਿਆਨ ਪ੍ਰਬੋਧ ਦਰਜ ਹਨ। ਭੇਟਾ 120/-

**ਸੈਂਚੀ ਦੂਜੀ-** ਅਥ ਚੌਬਸੀ ਅਵਤਾਰ ਤੋਂ ਲੈ ਕੇ ਰਾਮਾ ਅਵਤਾਰ ਤਕ ਵਿਸਥਾਰ ਪਰਵਕ ਦਰਜ ਕੀਤਾ ਗਿਆ ਹੈ। ਭੇਟਾ 120/-

**ਸੈਂਚੀ ਤੀਜੀ-** ਜਿਸ ਵਿਚ ਸ੍ਰੀ ਕ੍ਰਿਸ਼ਨਾ ਅਵਤਾਰ ਦਰਜ ਹੈ। 150/-

**ਸੈਂਚੀ ਚੌਥੀ-** ਜਿਸ ਵਿਚ ਕ੍ਰਿਸ਼ਨਾ ਅਵਤਾਰ, ਖੜਗ ਸਿੰਘ ਯੁਦ, ਨਰ ਅਵਤਾਰ, ਬਉਧ ਅਵਤਾਰ, ਨਿਹਕਲੰਕ ਅਵਤਾਰ ਦਾ ਹਾਲ ਹੈ। 150/-

**ਸੈਂਚੀ ਪੰਜਵੀਂ -** ਜਿਸ ਵਿਚ ਬ੍ਰਹਮਾ ਦੇ ਸਤ ਅਵਤਾਰ ਤੋਂ ਲੈ ਕੇ ਸ਼ਸ਼ਤਰ ਨਾਮ ਮਾਲਾ ਪੁਰਾਣ ਤਕ ਦਾ ਵਰਨਣ ਕੀਤਾ ਗਿਆ ਹੈ। 150/-

**ਸੈਂਚੀ ਛੇਵੀਂ** ਤ੍ਰਿਯਾ ਚਰਿਤਰ ਦਾ ਵਰਨਣ ਕੀਤਾ ਗਿਆ ਹੈ। 175/-

**ਸੈਂਚੀ ਸਤਵੀਂ-** ਤ੍ਰਿਯਾ ਚਰਿਤਰ ਦਾ ਵਰਨਣ ਦਸਿਆ ਹੈ। 150/-

---

**ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ:**

**ਗਲੀ ਨੰ: 8, ਬਾਗ ਰਾਮਾ ਨੰਦ, ਅੰਮ੍ਰਿਤਸਰ।**